
ਸ਼ਾਇਰੀ ਅਤੇ ਗ਼ਜ਼ਲਾਂ
A MINI EBOOK
BY
YASHU JAAN
ZINDAGITERENAAM.COM

## ਲੇਖ਼ਕ ਯਸ਼ੂ ਜਾਨ ਬਾਰੇ



ਯਸ਼ੂ ਜਾਨ (੯ ਫਰਵਰੀ ੧੯੯੪-) ਪੰਜਾਬੀ ਦੇ ਯੁਵਾ ਕਵੀ ਅਤੇ ਲੇਖ਼ਕ ਹਨ ।

ਉਹ ਜਲੰਧਰ ਸ਼ਹਿਰ ਦੇ ਰਹਿਣ ਵਾਲੇ ਹਨ। ਉਹਨਾਂ ਦਾ ਜੱਦੀ ਪਿੰਡ ਚੱਕ

ਸਾਹਬੂ ਸ਼ਹਿਰ ਅੱਪਰੇ ਦੇ ਨਜ਼ਦੀਕ ਹੈ।ਉਨ੍ਹਾਂ ਦੇ ਪਿਤਾ ਜੀ ਦਾ ਨਾਂ ਸ਼੍ਰੀ

ਰਣਜੀਤ ਰਾਮ ਅਤੇ ਮਾਤਾ ਜਸਵਿੰਦਰ ਕੌਰ ਜੀ ਹਨ। ਉਨ੍ਹਾਂ ਨੂੰ ਬਚਪਨ ਤੋਂ ਹੀ ਕਲਾ ਨਾਲ ਪਿਆਰ ਹੈ । ਗ਼ੀਤ , ਕਵਿਤਾਵਾਂ ਅਤੇ ਗ਼ਜ਼ਲ਼ਾਂ ਲਿਖ਼ਣਾ ਉਨ੍ਹਾਂ ਦਾ ਸ਼ੌਕ ਹੈ । ਉਹਨਾਂ ਨੂੰ ਅਲੱਗ-ਅਲੱਗ ਵਿਸ਼ਿਆਂ ਤੇ ਖ਼ੋਜ ਕਰਨਾ ਬਹੁਤ ਚੰਗਾ ਲੱਗਦਾ ਹੈ ।ਉਹ ਆਪਣੀ ਕਾਮਯਾਬੀ ਵਿੱਚ ਆਪਣੀ ਧਰਮ ਪਤਨੀ ਸ਼੍ਰੀਮਤੀ ਮਰਿਦੁਲਾ ਦਾ ਬਹੁਤ ਵੱਡਾ ਯੋਗਦਾਨ ਮੰਨਦੇ ਹਨ ।

ਯਸ਼ੂ ਜਾਨ

( ਲੇਖ਼ਕ , ਦਾਰਸ਼ਨਿਕ , ਜਲੰਧਰੀ ਸ਼ਾਇਰ )

ਸੰਪਰਕ : - 98778-74659

## 1. ਦੋ ਤਰ੍ਹਾਂ ਦੁਨੀਆਂ

ਦੁਨੀਆਂ ਦੇ ਮੈਂਨੂੰ ਰੰਗ ਪਤਾ ਨੇ,
ਕਦ ਹੋ ਜਾਵੇ ਬੇਰੰਗੀ ਦੁਨੀਆਂ,
ਦੁਨੀਆਂ ਤੇ ਦੋ ਤਰ੍ਹਾਂ ਦੀ ਹੈ,
ਮਾੜੀ ਦੁਨੀਆਂ ਚੰਗੀ ਦੁਨੀਆਂ,
ਦੁਨੀਆਂ ਦੇ ਮੈਂਨੂੰ ਰੰਗ ਪਤਾ ਨੇ

ਸਾਡੇ ਮਹਾਂਪੁਰਸ਼ ਬੋਲ ਗਏ,
ਕੁਝ ਭੋਲ਼ੀ ਤੇ ਅਣਭੋਲ ਹੈ ਦੁਨੀਆਂ,
ਕਈਆਂ ਵਿਗਿਆਨੀਆਂ ਆਖ਼ਿਆ ਹੈ,
ਘੁੰਮਦੀ ਹੈ ਤੇ ਗ਼ੋਲ ਹੈ ਦੁਨੀਆਂ,
ਜਿੱਥੇ ਪਿਆਰ ਦੀ ਬੋਲੀ ਲੱਗਦੀ ਹੈ,
ਡੰਗਰਾਂ ਦੀ ਉਹ ਮੰਡੀ ਦੁਨੀਆਂ,
ਦੁਨੀਆਂ ਤਾਂ ਦੋ ਤਰ੍ਹਾਂ ਦੀ ਹੈ,
ਮਾੜੀ ਦੁਨੀਆਂ ਚੰਗੀ ਦੁਨੀਆਂ

ਇਹਦਾ ਕੋਈ ਸੰਗੀ ਸਾਥੀ ਨਹੀਂ,
ਸੱਪਾਂ ਨੂੰ ਹੈ ਡੰਗਦੀ ਦੁਨੀਆਂ,
ਮਾੜਾ ਸਮਾਂ ਕਿਸੇ ਦਾ ਦੇਖ,
ਕੋਲ਼ੋਂ ਦੀ ਨਾ ਲੰਘਦੀ ਦੁਨੀਆਂ,
ਮਦਦ ਕਿਸੇ ਦੀ ਕਰਕੇ ਪਿੱਛੋਂ,
ਕਰ ਦਿੰਦੀ ਹੈ ਭੰਡੀ ਦੁਨੀਆਂ,
ਦੁਨੀਆਂ ਤਾਂ ਦੋ ਤਰਾਂ ਦੀ ਹੈ,
ਮਾੜੀ ਦੁਨੀਆਂ ਚੰਗੀ ਦੁਨੀਆਂ

ਦੁਨੀਆਂ ਨੇ ਖ਼ੁਦ ਨੂੰ ਮਾਰਨ ਲਈ,
ਇੱਕ ਹਥਿਆਰ ਦੀ ਖ਼ੋਜ ਕੀਤੀ,
ਜਿਹਦਾ ਮਾਰਿਆ ਮੁੜ ਤੋਂ ਜੰਮੇ ਨਾ,
ਇਹਨਾਂ ਜਾਤ - ਪਾਤ ਦੀ ਖ਼ੋਜ ਕੀਤੀ,
ਦੁਨੀਆਂ ਨੂੰ ਅਲਵਿਦਾ ਕਹਿ ਗਏ,
ਉਹਨਾਂ ਦਾ ਕੀ ਨੁਕਸਾਨ ਹੋਇਆ,
ਮੇਰੇ ਮੁਰਸ਼ਦ ਮੈਨੂੰ ਮੱਤ ਬਖ਼ਸ਼ੀ,
ਮੈਂ ਉਦੋਂ ਤੋਂ 'ਯਸ਼ੂ ਜਾਨ' ਹੋਇਆ,
ਜਿਹਨੂੰ ਸ਼ਰਮ ਹਿਆ ਦਾ ਪਤਾ ਨਹੀਂ,
ਮੈਨੂੰ ਪਤਾ ਗਈ ਹੈ ਵੰਡੀ ਦੁਨੀਆਂ,
ਦੁਨੀਆਂ ਤਾਂ ਦੋ ਤਰ੍ਹਾਂ ਦੀ ਹੈ,
ਮਾੜੀ ਦੁਨੀਆਂ ਚੰਗੀ ਦੁਨੀਆਂ

2.

ਮੈਂ ਆਮ ਜਿਹਾ ਇੱਕ ਬੰਦਾ ਹਾਂ,
ਜਿਹਦਾ ਮੂੰਹ ਨਹੀਂ ਜਿਹਦਾ ਪੈਰ ਨਹੀਂ,
ਮੇਰੀ ਰਾਮ ਨਾਲ ਕੋਈ ਦੋਸਤੀ ਨਹੀਂ,
ਤੇ ਅੱਲ੍ਹਾਹ ਦੇ ਨਾਲ ਵੈਰ ਨਹੀਂ,
ਮੈਂਨੂੰ ਭਾਵੇਂ ਲੋਕੀ ਆਖ਼ਦੇ ਨੇ,
ਸੁਣ ਨਾਸਤਿਕਾ ਤੇਰੀ ਖ਼ੈਰ ਨਹੀਂ,
ਮੈਂ ਉਹਨਾਂ ਨੂੰ ਵੀ ਕਹਿ ਦਿੱਤਾ,
ਮੇਰੇ ਬੋਲ ਹੀ ਨੇ ਕੋਈ ਜ਼ਹਿਰ ਨਹੀਂ,
ਮੈਂ ਭਟਕਾਂ ਮੰਦਰਾਂ, ਮੜੀਆਂ ਤੇ,
ਇਹ 'ਯਸ਼ੂ ਜਾਨ' ਦੀ ਲਹਿਰ ਨਹੀਂ,
ਮੈਂ ਭੀਮ ਰਾਓ ਦੇ ਵੰਸ਼ ਚੋ ਹਾਂ,
ਮੇਰੇ ਲਈ ਕੋਈ ਵੀ ਗੈਰ ਨਹੀਂ

3.

ਠੀਕ-ਠਾਕ ਘੁੰਮਦੇ ਪਏ ਹਾਂ ਦੋਸਤਾ,
ਲੈਂਦੇ ਹਾਂ ਨਜ਼ਾਰੇ ਬੇਫ਼ਿਕਰੇ ਜਿਹੇ ਹੋ,
ਦਿਨ ਵੇਲੇ ਸੂਰਜ ਚਮਕਦਾ ਮੈਂ ਦੇਖਾਂ,
ਰਾਤ ਨਜ਼ਾਰਾ ਦੇਵੇ ਤਾਰਿਆਂ ਦੀ ਲੋਅ,
ਤੇਰੀਆਂ ਮੁਸੀਬਤਾਂ ਨੂੰ ਹੱਲ ਕੀਤੇ ਬਿਨ੍ਹਾਂ,
ਚੈਨ ਨਾਲ ਟਿੱਕ ਕੇ ਤਾਂ ਬਹਿ ਨਹੀਂ ਸਕਦਾ,
ਹਾਲੇ ਨੇ ਹਾਲਾਤ 'ਯਸ਼ੂ ਜਾਨ' ਬੜੇ ਚੰਗੇ,
ਕਦੋਂ ਮਾੜਾ ਸਮਾਂ ਆ ਜਾਵੇ ਮੈਂ ਕਹਿ ਨਹੀਂ ਸਕਦਾ

4.

ਅੱਜ ਆਖ਼ਦੇ ਨੇ ਸਾਰੇ ਕੱਲ੍ਹ ਕਰਾਂਗੇ ਜਨਾਬ,
ਕੱਲ੍ਹ ਨੂੰ ਨਾ ਰਹਿੰਦਾ ਪਲ ਪਿਛਲਾ ਵੀ ਯਾਦ,
ਸਮੇਂ ਦੀ ਜੋ ਕਰਦਾ ਕਦਰ ਉਹ ਬੰਦਾ ਕਦੇ ਨਹੀਓਂ ਹਰਦਾ,
ਇੱਕ - ਇੱਕ ਪਲ ਬੜਾ ਕੀਮਤੀ ਹੁੰਦਾ ਨਿਰ੍ਹਾ ਸੋਨੇ ਵਰਗਾ

5.

ਮੈਨੂੰ ਸ਼ੱਕ ਹੁੰਦਾ ਹੈ ਹੱਥਾਂ ਦੀਆਂ ਲਕੀਰਾਂ ਤੇ,
ਸਭ ਵੱਖੋ - ਵੱਖਰਾ ਦੱਸਦੇ ਨੇ ਪੜ੍ਹ ਇਹਨਾਂ ਨੂੰ,
ਜਾਂ ਇਹਨਾਂ ਵਿੱਚ ਸੱਚਾਈ ਨਾ ਜਾਂ ਉਹ ਝੂਠੇ,
ਮੈਂ ਆਖਾਂ ਦੋਸ਼ੀ ਦੋਨਾਂ ਵਿਚੋਂ ਕਿਹਨਾਂ ਨੂੰ

6.

ਪੀਂਦਾ ਨਹੀਂ ਹਾਂ ਨਸ਼ਾ ਫੇਰ ਵੀ ਬਣਿਆ ਰਹਿੰਦਾ ਹੈ,
ਅਕਸਰ ਉਨ੍ਹਾਂ ਦੀ ਯਾਦ ਸ਼ਰਾਬੀ ਕਰ ਦਿੰਦੀ ਹੈ ਮੈਨੂੰ

## 7. ਮਕ਼ਸਦ

ਮਿਲ ਗਿਆ ਹੈ ਮਕ਼ਸਦ  ਮੈਨੂੰ ਜ਼ਿੰਦਗ਼ੀ ਜਿਓਣ ਦਾ
ਨਹੀਂ ਤਾਂ ਕੀ ਫ਼ਾਇਦਾ ਸੀ ਜ਼ਿੰਦਗ਼ੀ ਤੇ ਆਉਣ ਦਾ

ਤਾਹੀਓਂ ਮੈਨੂੰ ਮਿਹਨਤਾਂ ਦਾ ਮੁੱਲ ਹੀ ਨਹੀਂ ਸੀ ਪਤਾ,
ਮੈਂ ਲੁ਼ਤਫ਼ ਉਠਾਉਂਦਾ ਰਿਹਾ ਸਾਰੀ ਰਾਤ ਸੌਣ ਦਾ

ਦੇਖ ਲਏ ਮੈਂ ਜਾਨਵਰ ਕਿਉਂ ਸਾਰੀ ਰਾਤ ਜਾਗਦੇ,
ਹੋਇਆ ਅਫ਼ਸੋਸ ਬੜਾ ਸਮੇਂ ਨੂੰ ਗਵਾਉਣ ਦਾ

ਨਾ ਮਨ ਮੇਰਾ ਕਿਸੇ ਪੱਖੋਂ ਪਾਕ ਅਤੇ ਸਾਫ਼ ਸੀ,
ਮੈਂ ਸੁਪਨਾ ਤੇ ਪਾਲ਼ਿਆ ਸੀ ਮੌਤ ਨੂੰ ਵਿਆਹੁਣ ਦਾ

ਤੂੰ 'ਯਸ਼ੂ ਜਾਨ' ਫ਼ਸ ਗਿਓਂ ਫੜ੍ਹਾਂ ਮਾਰ-ਮਾਰ ਕੇ,
ਬੜਾ ਸਿਗ੍ਹਾ ਸ਼ੌਂਕ ਤੈਨੂੰ ਖਿੱਲੀਆਂ ਉਡਾਉਣ ਦਾ

## 8.ਹਰਕ਼ਤ

ਹਰਕ਼ਤ ਕੋਈ ਐਸੀ ਕਰ,
ਜਿਸ ਨਾਲ ਬ੍ਰਹਿਮੰਡ ਕੰਬੇ ।

ਰਾਤਾਂ ਲੱਭਣ ਚੰਨ ਤੇ ਤਾਰੇ,
ਸੂਰਜ ਭੱਜ - ਭੱਜ ਹੰਭੇ ।

ਰਸਤੇ ਘਟਕੇ ਗੁੰਮ ਹੋ ਜਾਵਣ,
ਹੋ ਜਾਣ ਚੁਰੱਸਤੇ ਲੰਬੇ ।

ਕੁਦਰਤ ਨੂੰ ਵੀ ਰਾਹ ਨਾ ਲੱਭੇ,
ਪੈ ਜਾਣ ਜਵਾਲੇ ਠੰਡੇ ।

ਜੰਗ 'ਚ ਚੱਲਣ ਆਪ ਬੰਦੂਕਾਂ,
ਤੇ ਮਾਰੀ ਜਾਵਣ ਬੰਦੇ ।

ਵੈਰੀ ਵੈਰ ਤੋਂ ਤੌਬਾ ਕਰਕੇ ।
ਹੱਥ ਜੋੜ ਮੁਆਫ਼ੀ ਮੰਗੇ ।

ਉਹਨਾਂ ਨੂੰ ਪੰਜਾਬ ' ਚ ਰੋਕੇ,
ਜੋ ਜਾਣ ਹਿਮਾਚਲ, ਚੰਬੇ ।

'ਯਸ਼ੂ ਜਾਨ ਕੀ ਗੱਲ ਪਿਆ ਕਰਦੈਂ,
ਪਸ਼ੂ ਵੀ ਤੈਥੋਂ ਚੰਗੇ ।

ਇੱਕ -ਇੱਕ ਅੱਖਰ ਕਲਮ ਤੇਰੀ ਦਾ,
ਮੌਤ ਨੂੰ ਸੂਲ਼ੀ ਟੰਗੇ ।

## ੭.ਬਹੁਤ ਫ਼ਰਕ ਹੈ

ਇੱਕ ਪੱਖੇ ਦੀ ਪੌਣ ਅਤੇ ਕੁਦਰਤੀ ਪੌਣ ਵਿੱਚ ਬਹੁਤ ਫ਼ਰਕ ਹੈ,
ਆਪਣੇ ਸੌਣ ਅਤੇ ਇੱਕ ਮਾਂ ਦੇ ਸੁਲਾਉਣ ਵਿੱਚ ਬਹੁਤ ਫ਼ਰਕ ਹੈ

ਫ਼ਰਕ ਹੈ ਪੁਰਾਣੀਆਂ ਅਤੇ ਨਵੀਂਆਂ ਚੀਜ਼ਾਂ ਵਿੱਚ ਬਹੁਤ ਜ਼ਿਆਦਾ,
ਇੱਕ ਅੱਜ ਦੇ ਸੋਫਿਆਂ ਅਤੇ ਮੰਜੇ ਦੀ ਦੌਣ ਵਿੱਚ ਬਹੁਤ ਫ਼ਰਕ ਹੈ

ਫ਼ਰਕ ਹੈ ਸਾਡੀਆਂ ਅਤੇ ਪੁਰਾਣੇ ਬਜ਼ੁਰਗਾਂ ਦੀਆਂ ਸੋਚਾਂ ਵਿੱਚ,
ਤੁਹਾਡੇ ਅਤੇ ਤੁਹਾਡੇ ਬਾਪੂ ਦੇ ਸਮਝਾਉਣ ਵਿੱਚ ਬਹੁਤ ਫ਼ਰਕ ਹੈ

ਫ਼ਰਕ ਹੈ ਅੱਜ ਦੀ ਅਤੇ ਪੁਰਾਣੀ ਲੇਖਣੀ ਅਤੇ ਗਾਇਕੀ ਵਿੱਚ,
ਅੱਜ ਦੇ ਨੌਜਵਾਨ ਅਤੇ ਯਮਲੇ ਦੇ ਗਾਉਣ ਵਿੱਚ ਬਹੁਤ ਫ਼ਰਕ ਹੈ

ਫ਼ਰਕ ਹੈ ਯਸ਼ੂ ਜਾਨ ਇੱਥੇ ਰਹਿੰਦੇ ਅਤੇ ਵਿਦੇਸ਼ੀ ਪੰਜਾਬੀਆਂ ਵਿੱਚ,
ਸਾਡੀ ਤੜਪ ਉੱਧਰ ਜਾਣ ਉਹਨਾਂ ਦੀ ਆਉਣ ਵਿੱਚ ਬਹੁਤ ਫ਼ਰਕ ਹੈ